ਦਫ਼ਤਰ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਗੁਰਦਾਸਪੁਰ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੁਡੀਸ਼ੀਅਲ ਕੋਰਟ ਕੰਪਲੈਕਸ, ਗੁਰਦਾਸਪੁਰ ਅਤੇ ਬਟਾਲਾ ਵਿਖੇ ਵਿੱਤੀ ਸਾਲ 2026-27 ਦੀ ਖੁੱਲ੍ਹੀ ਬੋਲੀ ਸਮੇਂ ਕੁਝ ਫੋਟੋ ਸਟੇਟ ਬੂਥ, ਪਟੀਸ਼ਨ ਰਾਈਟਰ ਬੂਥ /ਕੰਪਿਊਟਰ ਰਾਈਟਰ ਬੂਥ, ਅਸ਼ਟਾਮ ਫਰੋਸ ਬੂਥ, ਦੁਕਾਨਾਂ ਆਦਿ ਦੀ ਬੋਲੀ ਨਾ ਦੇਣ ਕਾਰਨ ਖਾਲੀ ਰਹਿ ਗਏ ਸਨ। ਜੁਡੀਸ਼ੀਅਲ ਕੋਰਟ ਕੰਪਲੈਕਸ, ਬਟਾਲਾ ਦੀ ਪਾਰਕਿੰਗ ਦੀ ਬੋਲੀ ਵੀ ਨਾ ਦੇਣ ਕਾਰਨ ਖਾਲੀ ਰਹਿ ਗਈ ਸੀ।ਇਸ ਕਰਕੇ ਇਨ੍ਹਾਂ ਬੂਥਾਂ/ਦੁਕਾਨਾਂ ਗੁਰਦਾਸਪੁਰ, ਬਟਾਲਾ ਅਤੇ ਪਾਰਕਿੰਗ ਬਟਾਲਾ ਦੀ ਵਿੱਤੀ ਸਾਲ 2026-27 (01.05.2026 ਤੋਂ 31.03.2027 ਤੱਕ) ਦੀ ਬੋਲੀ ਮਿਤੀ 28.04.2026 ਨੂੰ ਸਵੇਰੇ 11.30 ਵਜੇ ਸਰਵਿਸ ਬਲਾਕ ਜੁਡੀਸ਼ੀਅਲ ਕੋਰਟ ਕੰਪਲੈਕਸ, ਗੁਰਦਾਸਪੁਰ ਅਤੇ ਬਾਅਦ ਦੁਪਿਹਰ 03.30 ਵਜੇ ਨਿਊ ਜੁਡੀਸ਼ੀਅਲ ਕੋਰਟ ਕੰਪਲੈਕਸ, ਬਟਾਲਾ ਵਿਖੇ ਕੀਤੀ ਜਾਵੇਗੀ। ਸਾਈਟਾਂ ਦੀ ਜਗ੍ਹਾ ਦਾ ਮੁਆਇਨਾ ਬੋਲੀ ਸ਼ੁਰੂ ਹੋਣ ਤੋਂ 2 ਘੰਟੇ ਪਹਿਲਾਂ ਕਰਵਾ ਦਿੱਤਾ ਜਾਵੇਗਾ।

ਬੋਲੀ ਦੇਣ ਵਾਲੇ ਬੋਲੀਕਾਰ ਨੂੰ ਕੁੱਲ ਬੋਲੀ ਦੀ ਰਕਮ ਦਾ 1/4 ਹਿੱਸਾ ਚੈੱਕ ਰਾਹੀਂ ਮੌਕੇ ਤੇ ਜ਼ਮ੍ਹਾਂ ਕਰਵਾਉਂਣਾ ਹੋਵੇਗਾ ਅਤੇ ਬਾਕੀ ਰਹਿੰਦੀ ਰਕਮ ਬੋਲੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਹੀ ਜ਼ਮ੍ਹਾਂ ਕਰਵਾਉਂਣੀ ਹੋਵੇਗੀ। ਬਾਕੀ ਰਕਮ ਮਹੀਨੇ ਅੰਦਰ-ਅੰਦਰ ਜ਼ਮ੍ਹਾਂ ਨਾ ਕਰਵਾਉਂਣ ਤੇ ਬੋਲੀ ਬਿਨਾ ਕਿਸੇ ਨੋਟਿਸ ਦੇ ਰੱਦ ਕਰ ਦਿੱਤੀ ਜਾਵੇਗੀ ਅਤੇ ਉਮੀਦਵਾਰ ਕਿਸੇ ਵੀ ਤਰ੍ਹਾਂ ਦੀ ਰਿਕਵਰੀ ਦਾ ਹੱਕਦਾਰ ਨਹੀਂ ਹੋਵੇਗਾ। ਬੋਲੀ ਦੇਣ ਵਾਲਾ ਮੌਕੇ ਤੇ ਬੋਲੀ ਦੇ ਸਮੇਂ ਆਪਣਾ ਅਧਾਰ ਕਾਰਡ ਅਤੇ ਪੈਨ ਕਾਰਡ ਨਾਲ ਲੈ ਕੇ ਆਵੇ। ਬੋਲੀਕਾਰ ਆਪਣਾ ਐਗਰੀਮੈਂਟ ਅਸ਼ਟਾਮ ਇਸ ਦਫ਼ਤਰ ਵੱਲੋਂ ਦੱਸੇ ਅਨੁਸਾਰ ਆਪ ਬਣਾ ਕੇ ਲੈ ਕੇ ਲਿਆਏਗਾ। ਹਰ ਬੋਲੀਕਾਰ ਨੂੰ ਬੂਥ/ਦੁਕਾਨ/ਪਾਰਕਿੰਗ ਲਈ ਆਪਣਾ ਬਿਜਲੀ ਦਾ ਕਨੈਕਸ਼ਨ ਲੈਣਾ ਜ਼ਰੂਰੀ ਹੋਵੇਗਾ। ਇਸ ਦੀ ਸੂਚਨਾ 5 ਦਿਨਾਂ ਦੇ ਅੰਦਰ(ਮੀਟਰ ਨੰਬਰ ਨਾਲ) ਦੱਸੀ ਜਾਵੇ। ਕਿਸੇ ਵੀ ਸਾਬਕਾ ਬੋਲੀਕਾਰ ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ, ਉਸ ਨੂੰ ਬੋਲੀ ਦੇਣ ਦਾ ਹੱਕ ਨਹੀਂ ਹੈ। ਬੋਲੀ ਦੀਆਂ ਬਾਕੀ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆ।

ਵਧੇਰੇ ਜਾਣਕਾਰੀ ਲਈ ਨਿਮਨ ਹਸਤਾਖ਼ਰ ਦੇ ਦਫ਼ਤਰ ਵਿੱਚ ਸੰਪਰਕ ਕਰ ਸਕਦੇ ਹੋ। ਠੇਕੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਬੋਲੀ ਦਾ ਸਥਾਨ	ਜਿਸ ਦਾ ਠੇਕਾ ਮੰਗਿਆ ਹੈ	ਰਾਖਵੀਂ ਰਕਮ
1. ਸਰਵਿਸ ਬਲਾਕ ਜੁਡੀਸ਼ੀਅਲ ਕੋਰਟ ਕੰਪਲੈਕਸ, ਗੁਰਦਾਸਪੁਰ	ਫੋਟੋ ਸਟੇਟ/ ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ ਸਰਵਿਸ/ਸਟੇਸ਼ਨਰੀ/ਸਟੈਪ ਵੈਂਡਰ (ਕੁੱਲ 12 ਬੂਥ)	15000 ਰੁਪਏ ਪ੍ਰਤੀ ਬੂਥ
2. ਸਰਵਿਸ ਬਲਾਕ ਜੁਡੀਸ਼ੀਅਲ ਕੋਰਟ ਕੰਪਲੈਕਸ, ਬਟਾਲਾ	ਫੋਟੋ ਸਟੇਟ/ ਪਟੀਸ਼ਨ ਰਾਈਟਰ/ਕੰਪਿਊਟਰ ਰਾਈਟਰ ਸਰਵਿਸ/ਸਟੇਸ਼ਨਰੀ/ਸਟੈਪ ਵੈਂਡਰ (ਕੁੱਲ 57 ਬੂਥ)	15000 ਰੁਪਏ ਪ੍ਰਤੀ ਬੂਥ
	ਫੋਟੋ ਸਟੇਟ ਸਰਵਿਸ (ਦੁਕਾਨ ਨੰਬਰ 2,3)	50,000 ਰੁਪਏ ਪ੍ਰਤੀ ਦੁਕਾਨ
	ਪਾਰਕਿੰਗ	7,00,000 ਰੁਪਏ

Sd/-
ਸਿਵਲ ਜੱਜ(ਸੀਨੀਅਰ ਡਿਵੀਜ਼ਨ),
ਗੁਰਦਾਸਪੁਰ।